
# ਰਮੇਸ਼ ਕੁਮਾਰ ਕਾਵਿ: ਚਿੰਤਨ ਅਤੇ ਚੇਤਨਾ

## ‘ਅਸਹਿਮਤ’ ਦੇ ਆਧਾਰ ’ਤੇ




ਸੰਪਾਦਕ

**ਡਾ. ਤਿਲਕ ਰਾਜ**

Scanned with OKEN Scanner

## ਤਤਕਰਾ


1. ਆਸ਼ੀਰ-ਵਚਨ ............................ -ਡਾ. ਰਤਨ ਸਿੰਘ ਢਿੱਲੋਂ 9

2. ਅਸਹਿਮਤ : ਪਰਤ ਦਰ ਪਰਤ ......... -ਡਾ. ਤਿਲਕ ਰਾਜ 11

3. ਅਸਹਿਮਤੀ ਦਾ ਪ੍ਰਵਚਨ ........................................ 15
-ਡਾ. ਕੁਲਦੀਪ ਸਿੰਘ ਧੀਰ (ਸਵ.)

4. ਖਾਮੋਸ਼ੀ ਦੇ ਮੰਜ਼ਰ 'ਚ ਕਾਫ਼ਿਰ ਦੀ ਸਦਾਅ ........................ 25
-ਪ੍ਰੋ. ਸੁਖਦੇਵ ਸਿੰਘ ਸਿਰਸਾ

5. ਸੱਚ ਤੇ ਸੁਹਜ ਦੀ ਸ਼ਾਇਰੀ: ਰਮੇਸ਼ ਕੁਮਾਰ ........................ 30
-ਡਾ. ਜਸਪਾਲ ਕੌਰ ਕਾਂਗ

6. ਬਦਲਦੇ ਪਰਿਪੇਖ ਦਾ ਕਵੀ ਰਮੇਸ਼ ਕੁਮਾਰ ........................ 35
-ਡਾ. ਰਤਨ ਸਿੰਘ ਢਿੱਲੋਂ

7. ਅਮਾਨਵੀ ਵਰਤਾਰਿਆਂ ਪ੍ਰਤੀ ਅਸਹਿਮਤੀ ਦਾ ਪ੍ਰਵਚਨ: ਅ ਸਹਿਮਤ.... 45
-ਡਾ. ਪਰਮਜੀਤ ਕੌਰ ਸਿੱਧੂ

8. ਅਸਹਿਮਤੀ ਦਾ ਕਾਵਿ ਉਚਾਰ: ਅਸਹਿਮਤ ........................ 56
-ਡਾ. ਅਮਰਜੀਤ ਸਿੰਘ

9. ਪਥਰਾਈ ਮਾਨਸਿਕਤਾ ਦਾ ਕਾਵਿਕ ਪ੍ਰਵਚਨ: ਅਸਹਿਮਤ ......... 70
-ਡਾ. ਕੁਲਦੀਪ ਸਿੰਘ ਦੀਪ

10. ਰਮੇਸ਼ ਕੁਮਾਰ ਦੇ ਕਾਵਿ ਚਿੰਤਨ ਵਿਚ ਅਸਹਿਮਤੀ ਦੀ ਵਿਆਕਰਣ...... 83
-ਡਾ. ਨਰਿੰਦਰ ਪਾਲ ਸਿੰਘ

11. ਅਸਹਿਮਤ: ਚਿਹਨ ਸ਼ਾਸਤਰ ........................................ 88
-ਡਾ. ਗੁਰਿੰਦਰ ਸਿੰਘ

12. ਰਮੇਸ਼ ਕੁਮਾਰ ਦੀ ਕਾਵਿ ਸੁਚੇਤਤਾ ਦਾ ਸਾਕਾਰ ਅਰਥ: ਅ ਸਹਿਮਤ...... 100
-ਡਾ. ਤਿਲਕ ਰਾਜ

13. ਅਸਹਿਮਤ: ਮਾਨਵੀ ਸਰੋਕਾਰ ........................................ 113
-ਡਾ. ਸੁਖਵਿੰਦਰ ਕੌਰ ਕੰਵਲ

14. 'ਅ ਸਹਿਮਤ' ਦਾ ਸੰਚਾਰ ਵਿਧਾਨ ........................................ 119
-ਇੰਦਰਜੀਤ ਸਿੰਘ

15. 'ਅਸਹਿਮਤ' ਦੇ ਆਧਾਰ ਤੇ ਰਮੇਸ਼ ਕੁਮਾਰ ਦੀ ਕਾਵਿ ਸੰਵੇਦਨਾਂ.... 128
-ਡਾ. ਚੂਹੜ ਸਿੰਘ

16. 'ਅਸਹਿਮਤ' ਦਾ ਕਾਵਿ ਪ੍ਰਵਚਨ ........................................ 135
-ਡਾ. ਨਿਸ਼ਾਨ ਸਿੰਘ ਰਾਠੌਰ

17. ਅਸਹਿਮਤੀ ਦੇ ਵਿਭਿੰਨ ਪਾਸਾਰ: ਅਸਹਿਮਤ ........................ 145
-ਡਾ. ਗੁਰਜਿੰਦਰ ਕੌਰ

18. ਅਸਹਿਮਤ: ਅਣਸੁਲਝੇ ਮਸਲਿਆਂ 'ਤੇ ਪ੍ਰਸ਼ਨ ਚਿੰਨ੍ਹ............ 157
-ਜਗਪਾਲ

19. ਅਸਹਿਮਤ: ਵਿਆਖਿਆ ਵਿਸ਼ਲੇਸ਼ਣ ........................................ 167
-ਡਾ. ਬਲਜਿੰਦਰ ਸਿੰਘ

20. ਲੇਖਕਾਂ ਬਾਰੇ ........................................................ 174


Scanned with OKEN Scanner

ਜਿਸ ਪ੍ਰਕਾਰ ਚਿਹਨ ਸਿਰਜਣਾ ਕਰਕੇ ਵਿਅੰਗਮਈ ਲਹਿਜ਼ੇ ਵਿੱਚ ਆਪਣਾ ਵਿਚਾਰ ਕਾਇਮ ਕੀਤਾ ਹੈ ਉਹ ਪਾਠਕ ਦੇ ਜ਼ਿਹਨ ਵਿੱਚ ਸਹਿਜੇ ਹੀ ਸਥਾਪਿਤ ਹੋ ਜਾਂਦਾ ਹੈ। ਚਿਹਨ ਨੂੰ ਆਪਣੀ ਕਵਿਤਾ ਵਿੱਚ ਕਵੀ ਨੇ ਅਜਿਹੀ ਜੁਗਤ ਵਜੋਂ ਵਰਤਿਆ ਹੈ ਜਿਸਨੂੰ ਖੋਲ੍ਹਕੇ ਹੀ ਕਵੀ ਦੇ ਕਾਵਿ ਉਚਾਰ ਤੋਂ ਵਿਚਾਰ ਤੱਕ ਪਹੁੰਚਿਆ ਜਾ ਸਕਦਾ ਹੈ। ਕਵੀ ਆਪਣੀ ਕਵਿਤਾ ਵਿੱਚ ਪਹਿਲਾਂ ਵਿਚਾਰ ਪੇਸ਼ ਕਰਦਾ ਹੈ, ਫਿਰ ਉਸਦਾ ਚਿਹਨੀਕਰਣ ਕਰਦਾ ਹੋਇਆ ਉਸਦਾ ਅਰਥ ਵਿਸਥਾਰ ਕਰਦਾ ਹੈ। ਅੰਤ ਵਿੱਚ ਉਸ ਵਿਚਾਰ ਨੂੰ ਪਾਠਕ ਦੇ ਜ਼ਿਹਨ ਵਿੱਚ ਸਥਾਪਿਤ ਕਰਦਾ ਹੋਇਆ ਉਸਦੇ ਮਨ ਵਿੱਚ ਇੱਕ ਪ੍ਰਸ਼ਨ ਪੈਦਾ ਕਰਕੇ ਉਸਦੇ ਸਾਹਮਣੇ ਨਵੀਂ ਵੰਗਾਰ ਪੇਸ਼ ਕਰਦਾ ਹੈ। ਰਮੇਸ਼ ਕੁਮਾਰ ਸੁਚੇਤ ਪੱਧਰ ’ਤੇ ਚਿਹਨਾਂ ਦੀ ਸਿਰਜਣਾ ਦੁਆਰਾ ਅਤੇ ਪ੍ਰਤੀਕਾਂ ਦੀ ਸਹਾਇਤਾ ਨਾਲ਼ ਆਪਣੇ ਵਿਚਾਰ ਨੂੰ ਕਾਵਿਆਉਂਦਾ, ਫੈਲਾਉਂਦਾ ਅਤੇ ਸੰਚਾਰਦਾ ਹੈ। ਇਸ ਪ੍ਰਕਾਰ ਰਮੇਸ਼ ਕੁਮਾਰ ਦੀ ਕਵਿਤਾ ਨੂੰ ਸਮਝਣ ਲਈ ਕਾਵਿ ਚਿਹਨ ਦੇ ਪਿੱਛੇ ਪਏ ਅਰਥਾਂ ਤੱਕ ਪਹੁੰਚਣ ਦੀ ਜ਼ਰੂਰਤ ਪੈਂਦੀ ਹੈ। ਇਹਨਾਂ ਅਰਥਾਂ ਤੱਕ ਪੁੱਜਕੇ ਹੀ ਅਸੀਂ ‘ਅ ਸਹਿਮਤ’ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਨਾਲ਼ ਹੋਰ ਵਧੇਰੇ ਸਮਰੱਥਾ ਨਾਲ਼ ਨਿਆਂ ਕਰ ਸਕਾਂਗੇ।

**ਹਵਾਲੇ ਅਤੇ ਟਿੱਪਣੀਆਂ:**


1. *ਅਮਰਜੀਤ ਸਿੰਘ ਕਾਂਗ, ਰਜਿੰਦਰ ਸਿੰਘ ਭੱਟੀ (ਸੰਪਾ), ਰਮੇਸ਼ ਕੁਮਾਰ ਦੀ ਕਾਵਿ ਸੰਵੇਦਨਾ (ਪੁਸਤਕ ਫੋਟੋ ਫਰੇਮ ਦੇਪ੍ਰਸੰਗ ਵਿਚ), ਚੇਤਨਾ ਪ੍ਰਕਾਸ਼ਨ ਲੁਧਿਆਣਾ-2006.*
2. *ਕਮਲਪ੍ਰੀਤ ਕੌਰ, ਵਿਸ਼ਵੀਕਰਨ ਤੇ ਨਾਰੀ ਕਵਿਤਾ ਦਾ ਪ੍ਰਤਿ ਹੁੰਗਾਰਾ, ਸਮਦਰਸ਼ੀ, ਪੰਜਾਬੀ ਅਕਾਦਮੀ ਦਿੱਲੀ, ਅੰਕ-145, ਮਈ-ਜੂਨ-2015.*
3. *ਗੁਰਭਗਤ ਸਿੰਘ, ਗਲੋਬਲ ਪ੍ਰਸੰਗ ਤੇ ਪੰਜਾਬੀ ਸਭਿਆਚਾਰ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ-13 ਮਾਰਚ 2011.*
4. *ਡਾ. ਦਵਿੰਦਰ ਸਿੰਘ ਧਾਲੀਵਾਲ (ਸੰਪਾ) ਰਮੇਸ਼ ਕੁਮਾਰ ਕਾਵਿ ਦਾ ਅਧਿਐਨ ਫੋਟੋ ਫਰੇਮ ਦੇ ਸੰਦਰਭ ਵਿਚ, ਲੋਕਗੀਤ ਪ੍ਰਕਾਸ਼ਨ-2006.*
5. *ਨਰਿੰਦਰਪਾਲ ਸਿੰਘ ਡਾ., ਪੰਜਾਬੀ ਸਾਹਿਤ; ਮਾਨਵੀ ਸਰੋਕਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ-2012*
6. *ਰਮੇਸ਼ ਕੁਮਾਰ, ਅਸਹਿਮਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ-2020*


•



# ਅਸਹਿਮਤ- ਮਾਨਵੀ ਸਰੋਕਾਰ

-ਡਾ. ਸੁਖਵਿੰਦਰ ਕੌਰ ਕੰਵਲ

ਹਰਿਆਣੇ ਦੀ ਪੰਜਾਬੀ ਕਵਿਤਾ ਬੜੇ ਖ਼ੂਬਸੂਰਤ ਮੁਹਾਂਦਰੇ ਵਾਲੀ ਹੈ। ਇਹ ਕਵਿਤਾ ਬੜੀ ਵੱਡੀ ਗਿਣਤੀ ਵਿਚ ਲਿਖੀ ਜਾ ਰਹੀ ਹੈ। ਇਸਦੀ ਰਚਨਾਤਮਕ ਪ੍ਰਾਪਤੀ ਬੜੀ ਬਹੁਮੁੱਲੀ ਹੈ। ਹਰਿਆਣਾ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਜੋ ਪਛਾਣ ਉੱਭਰੀ ਹੈ, ਉਸ ਵਿਚ ਹਰਿਆਣਾ ਦੇ ਕਵੀਆਂ ਦਾ ਯੋਗਦਾਨ ਬੜੀ ਅਹਿਮੀਅਤ ਵਾਲਾ ਹੈ। ਪਹਿਲੇ ਪਹਿਲ ਪੰਜਾਬ ਵਿਚ ਵੱਸਦੇ ਕਵੀਆਂ ਜਾਂ ਵੱਧ ਤੋਂ ਵੱਧ ਦਿੱਲੀ ਦੇ ਕਵੀਆਂ ਨੂੰ ਹੀ ਮੁਖ ਧਾਰਾ ਵਿਚ ਵਿਚਾਰਿਆ ਜਾਂਦਾ ਸੀ, ਪਰ ਹੌਲੀ-ਹੌਲੀ ਪਹਿਲਾਂ ਹਰਿਆਣਾ ਅਤੇ ਫਿਰ ਹੋਰ ਸੂਬਿਆਂ ਵਿਚਲੇ ਕਵੀਆਂ ਨੂੰ ਵੀ ਮੁਖ ਧਾਰਾ ਵਿਚ ਸ਼ਾਮਲ ਕੀਤਾ ਜਾਣ ਲੱਗ ਪਿਆ। ਡਾ. ਰਮੇਸ਼ ਕੁਮਾਰ, ਹਰਭਜਨ ਸਿੰਘ ਕੋਮਲ, ਹਰਭਜਨ ਸਿੰਘ ਰੈਣੂ, ਕੁਲਵੰਤ ਸਿੰਘ ਰਫ਼ੀਕ, ਸੁਮੇਰ, ਡਾ. ਰਤਨ ਸਿੰਘ ਢਿੱਲੋਂ, ਡਾ. ਪਾਲ ਕੌਰ, ਪਵਨ ਸਮੀਰ, ਦੀਦਾਰ ਸਿੰਘ, ਡਾ. ਰਬਿੰਦਰ ਮਸਰੂਰ, ਡਾ. ਰਜਿੰਦਰ ਸਿੰਘ ਭੱਟੀ, ਸੁਬੇਗ ਸੱਧਰ, ਆਤਮਜੀਤ ਹੰਸਪਾਲ ਆਦਿ ਦੀ ਕਵਿਤਾ ਨੇ ਖਾਸ ਤੌਰ ਤੇ ਪਾਠਕਾਂ ਅਤੇ ਸਰੋਤਿਆਂ ਨੂੰ ਆਕਰਸ਼ਿਤ ਕੀਤਾ। ਇਹਨਾਂ ਕਵੀਆਂ ਦੀ ਕਵਿਤਾ ਦਾ ਬੋਲ ਬੜਾ ਉੱਘੜਵਾਂ ਹੈ। ਕਵੀ ਕਿਸੇ ਸੰਕਟ ਵਿਚ ਉਲਾਰ ਨਹੀਂ ਹੋਏ, ਸਗੋਂ ਸਥਿਤੀ ਅਤੇ ਸੰਕਟ ਨੂੰ ਸਮਝਣ ਵੱਲ ਰੁਚਿਤ ਹੋਏ ਅਤੇ ਆਪਣੀਆਂ ਰਚਨਾਵਾਂ ਰਾਹੀਂ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ।

ਇਸ ਸੰਦਰਭ ਵਿਚ ਡਾ. ਰਮੇਸ਼ ਕੁਮਾਰ ਦਾ ਨਾਂ ਬੜੀ ਖਾਸ ਅਹਿਮੀਅਤ ਵਾਲਾ ਹੈ। ਡਾ. ਰਮੇਸ਼ ਕੁਮਾਰ ਦੀ ਕਵਿਤਾ ਨਵੇਂ ਸਮੇਂ ਦੇ ਹਾਣ ਦੀ ਕਵਿਤਾ ਹੈ। ਡਾ. ਰਮੇਸ਼ ਕੁਮਾਰ ਦੀ ਕਵਿਤਾ ਵਿਚ ਉਹ ਸਭ ਕੁਝ ਹੈ ਜੋ ਅਸੀ ਆਪਣੇ ਤਨ ਮਨ ਵਿਚ ਮਹਿਸੂਸ ਕਰ ਰਹੇ ਹਾਂ, ਜੋ ਸਾਨੂੰ ਸਭ ਨੂੰ ਹੈਰਾਨ ਵੀ ਕਰ ਰਿਹਾ ਹੈ ਅਤੇ ਪਰੇਸ਼ਾਨ ਵੀ। ਉਸ ਸਭ ਨਾਲ਼ ਤਾਲਮੇਲ ਬਿਠਾਉਣਾ ਬੜਾ ਔਖਾ ਜਾਪ ਰਿਹਾ ਹੈ, ਕਵਿਤਾ ਨੂੰ ਪੜ੍ਹਦਿਆ ਇਹ ਅਹਿਸਾਸ ਹੁੰਦਾ ਹੈ ਕਿ ਇਹ ਪੀੜ ਤਾਂ ਸਾਡੇ ਅੰਦਰ ਵੀ ਹੈ, ਇਹ ਤੰਦਾਂ ਤਾਂ ਸਾਡੇ ਅੰਦਰ ਵੀ ਉਲਝੀਆਂ ਪਈਆਂ ਹਨ, ਪਰ ਸਾਡੇ ਕੋਲ



Scanned with OKEN Scanner

ਉਹਨਾਂ ਅਹਿਸਾਸਾ ਲਈ ਇੰਨੇ ਸੁੰਦਰ ਸ਼ਬਦ ਨਹੀਂ ਹਨ, ਜੋ ਡਾ. ਰਮੇਸ਼ ਕੁਮਾਰ ਕੋਲ ਹਨ। ਉਹ ਸਾਡੇ ਹੀ ਮਨ ਦੀ ਗੱਲ ਤਾਂ ਕਹਿ ਰਹੇ ਹਨ। ਇਹ ਖਿਆਲ ਤਾਂ ਸਾਡੇ ਅੰਦਰ ਵੀ ਖੌਰੂ ਪਾ ਰਹੇ ਸਨ। ਡਾ. ਰਮੇਸ਼ ਕੁਮਾਰ ਨੇ ਇਨ੍ਹਾਂ ਅਹਿਸਾਸਾਂ ਨੂੰ ਸ਼ਬਦ ਦਿੱਤੇ ਹਨ। ਸਾਡੇ ਮਨ ਨੂੰ ਪੜ੍ਹਿਆ ਹੈ। ਇਹ ਕਵਿਤਾ ਸਹੀ ਅਰਥਾਂ ਵਿਚ ਮਾਨਵੀ ਸਰੋਕਾਰਾਂ ਦੀ ਕਵਿਤਾ ਹੈ। ਭੀੜ ਦੀ ਇਹ ਵਿਆਖਿਆ ਸੱਚ ਹੀ ਤਾਂ ਹੈ:

*ਭੀੜ ਦਾ*
*ਕਦੇ ਵੀ*
*ਕੋਈ*
*ਮੂੰਹ-ਮੱਥਾ*
*ਨੱਕ ਜਾਂ ਕੰਨ ਨਹੀਂ ਹੁੰਦਾ*
*ਭੀੜ ਦੇ*
*ਸਿਰਫ਼*
*ਪੈਰ ਹੁੰਦੇ ਹਨ-ਪੈਰ ਹੀ ਪੈਰ* *(ਅਸਹਿਮਤ, ਪੰਨਾ 11)*

ਇਹ ਤਾਂ ਅਸੀ ਵੀ ਮਹਿਸੂਸ ਕਰ ਰਹੇ ਹਾਂ ਕਿ ਭੀੜ ਦੇ ਕਿੰਨੇ ਸਹੀਅਰਥ ਦਿੱਤੇ ਹਨ, ਡਾ. ਰਮੇਸ਼ ਕੁਮਾਰ ਨੇ। ਡਾ. ਗੁਰਇਕਬਾਲ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਅਲੋਚਨਾ ਅਤੇ ਚਿੰਤਨ ਪ੍ਰਣਾਲੀਆਂ' ਦੇ ਪੰਨਾ 88 ਤੇ ਪ੍ਰਸਿੱਧ ਵਿਦਵਾਨ ਡਾ. ਸੁਰਜੀਤ ਆਪਣੇ ਇੱਕ ਲੇਖ 'ਨਵੀਂ ਪੰਜਾਬੀ ਕਵਿਤਾ: ਪਛਾਣ ਅਤੇ ਸਰੋਕਾਰ' ਵਿਚ ਲਿਖਦੇ ਹਨ:

"ਨਵੀਂ ਕਵਿਤਾ ਵਰਤਮਾਨ ਉਪਭੋਗੀ ਸਭਿਆਚਾਰ ਦੇ ਫੈਲਾਉ, ਵਿਅਕਤੀ ਦੀ ਹਸਤੀ ਬਜਾਇ ਮੰਡੀ ਮੁੱਲ ਦਾ ਹਾਣੀ ਹੋਣਾ ਅਤੇ ਭਾਸ਼ਾ ਨੂੰ ਪਾਰਦਰਸ਼ੀ ਸੂਚਨਾਤਮਕ ਮਾਧਿਅਮ ਬਣਾ ਦਿੱਤਾ ਜਾਣ ਦੀ ਪ੍ਰਤੀਕ੍ਰਿਆ ਵਿਚ ਇਕ ਅਜਿਹਾ ਕਾਵਿ ਸਿਰਜਦੀ ਹੈ, ਜਿਸ ਵਿਚ ਭਾਸ਼ਾ, ਪ੍ਰਕ੍ਰਿਤੀ, ਮਨੁੱਖ ਅਤੇ ਸਭਿਆਚਾਰ ਦੀ ਪਦਾਰਥਕਤਾ ਨੂੰ ਉਭਾਰਿਆ ਹੁੰਦਾ ਹੈ। "

ਡਾ. ਰਮੇਸ਼ ਕੁਮਾਰ ਦੀ ਕਵਿਤਾ ਪੜ੍ਹਦਿਆਂ ਡਾ. ਸੁਰਜੀਤ ਦੇ ਇਸ ਕਥਨ ਦੀ ਪੁਸ਼ਟੀ ਹੁੰਦੀ ਹੈ। ਵਿਸ਼ਵੀਕਰਨ, ਉਦਯੋਗੀਕਰਣ ਦੇ ਇਸ ਦੌਰ ਵਿਚ ਅਜੋਕੇ ਮਨੁੱਖ ਦੀ ਦੌੜ ਦਾ ਖੁਦ ਉਸਨੂੰ ਵੀ ਅੰਦਾਜ਼ਾ ਨਹੀਂ ਹੈ, ਕਿ ਉਹ ਕਿੱਥੇ ਜਾ ਕੇ ਖਲੋਵੇਗਾ, ਬਲਕਿ ਉਸਨੂੰ ਤਾਂ ਇਹ ਹੀ ਪਤਾ ਨਹੀਂ ਹੈ ਕਿ ਉਹ ਦੌੜ ਹੀ ਕਿਉਂ ਰਿਹਾ ਹੈ। ਟਿਕਾਉ, ਸਕੂਨ ਅਤੇ ਇਤਮੀਨਾਨ, ਜਿਹੇ ਸ਼ਬਦਾਂ ਦੇ ਅਰਥ ਹੀ ਮਨੁੱਖ ਨੂੰ ਵਿੱਸਰ ਗਏ ਹਨ। ਉਹ ਤਾਂ ਗਵਾਚਿਆ ਫਿਰਦਾ ਹੈ, ਦੌੜਦਾ, ਭੱਜਦਾ ਅਤੇ ਸਾਹੋ ਸਾਹ। ਰਿਸ਼ਤਿਆਂ ਅਤੇ ਦੋਸਤੀਆਂ ਜੋ ਕਿ ਮਨੁੱਖ ਦਾ ਸਭ ਤੋਂ ਵੱਡਾ



ਆਸਰਾ ਸਨ, ਨੂੰ ਆਦਮੀ ਨੇ ਵਿਸਾਰ ਦਿੱਤਾ ਹੈ। ਇੰਟਰਨੈੱਟ ਦੇ ਇਸ ਦੌਰ ਵਿਚ, ਫੇਸਬੁੱਕ ਅਤੇ ਵਟਸਐਪ ਤੇ ਹੀ ਮੇਲ ਮੁਲਾਕਾਤ ਕਰ ਰਿਹਾ ਅੱਜ ਦਾ ਮਨੁੱਖ, ਪਹਿਲਾ ਯਾਰਾਂ, ਦੋਸਤਾਂ, ਸੰਗੀਆ ਸਾਥੀਆਂ ਦਾ ਸਾਥ ਮਾਣਦਾ ਸੀ, ਨਾਲ ਰਹਿੰਦਾ ਸੀ, ਦੁੱਖ-ਸੁੱਖ ਵੰਡਾਉਂਦਾ ਸੀ, ਨਾਲ਼-ਨਾਲ਼ ਤੁਰਦਾ ਸੀ, ਪਰ ਹੁਣ ਤਾਂ ਡਾ. ਰਮੇਸ਼ ਕੁਮਾਰ ਦੇ ਸ਼ਬਦਾਂ ਵਿਚ:

*ਉਹ ਦਿਨ*
*ਹੋਰ ਹੁੰਦੇ ਸਨ*
*ਬੰਦਾ*
*ਜਦ ਬੰਦੇ ਨੂੰ*
*ਕਿਸੇ*
*ਕਿਤਾਬ ਵਾਂਗ ਪੜ੍ਹਦਾ ਸੀ*
*ਕਵਿਤਾ ਵਾਂਗ ਸੁਣਦਾ ਸੀ*
*ਅਤੇ ਕਹਾਣੀ ਕਿਸੇ ਦੇ*
*ਸਜੀਵ ਪਾਤਰਾਂ ਵਾਂਗ ਚਿਤਵਦਾ ਸੀ*
*ਉਨ੍ਹਾਂ ਦੇ ਨਾਲ਼-ਨਾਲ਼ ਤੁਰਦਾ।*
*ਹੁਣ ਤਾਂ*
*ਬਸ*
*ਫੇਸ ਬੁੱਕ ਦਾ ਫੇਸ ਹੈ*
*ਟਵਿੱਟਰ ਹੈ- ਟਿਊਬ ਹੈ*
*ਅਤੇ*
*ਐਪ ਐਪ ਖੇਡ੍ਹਦੀ*
*-ਇੰਟਰਨੈੱਟ ਦੀ ਰੇਸ ਹੈ।* *(ਪੰਨਾ-54)*

ਸਭ ਤੋਂ ਵੱਡੀ ਚਿੰਤਾਂ ਦੀ ਅਤੇ ਚਿੰਤਨ ਦੀ ਗੱਲ ਇਹ ਹੈ ਕਿ ਨਵੀਂ ਪੀੜ੍ਹੀ ਦਿਸ਼ਾਹੀਨ ਹੈ। ਮੋਬਾਈਲ ਫੋਨ ਵਿਚ ਉਲਝੀ ਇਹ ਪੀੜ੍ਹੀ ਗਵਾਚੀ ਫਿਰਦੀ ਹੈ। ਬੇਸ਼ਕ ਇੰਟਰਨੈੱਟ ਤੋਂ ਪ੍ਰਾਪਤ ਜਾਣਕਾਰੀ ਬੜੀ ਮੁੱਲਵਾਨ ਅਤੇ ਉਪਯੋਗੀ ਹੈ, ਪਰ ਬਹੁਤੇ ਉਪਯੋਗੀ ਸਮੱਗਰੀ ਦੀ ਬਜਾਏ ਅਣਉਪਯੋਗੀ ਸਮੱਗਰੀ ਵਿੱਚ ਉਲਝੇ ਗਵਾਚੇ ਫਿਰਦੇ ਹਨ। ਆਪ ਵੀ ਗਰਕ ਹੋ ਰਹੇ ਹਨ, ਸਮਾਜ ਨੂੰ ਵੀ ਡੋਬ ਰਹੇ ਹਨ। ਡਾ. ਰਮੇਸ਼ ਦੀ ਹੇਠਲੀ ਕਵਿਤਾ ਇਸ ਸੱਚ ਨੂੰ ਬੜੇ ਯਥਾਰਥਮਈ ਢੰਗ ਨਾਲ਼ ਬਿਆਨ ਕਰਦੀ ਹੈ:



Scanned with OKEN Scanner

ਪੀਜ਼ੇ-ਪਾਸਤੇ
ਅਤੇ
ਬਰਗਰ ਖਾਂਦੀ ਇਹ ਪ੍ਰਸ਼ਨ-ਹੀਣ ਕੌਮ
ਸਿਰਫ਼
ਸੈਲਫ਼ੀਆਂ ਖਿੱਚ ਕੇ ਸੌਂ ਜਾਵੇਗੀ
ਕਿਸੇ
ਫੇਸ-ਬੁੱਕ ਦੇ ਸਰ੍ਹਾਣੇ 'ਤੇ
ਸਿਰ ਰੱਖ। (ਪੰਨਾ 22)

ਅਜੋਕੀ ਰਾਜਨੀਤਿਕ ਸਥਿਤੀ ਉੱਤੇ ਡਾ. ਰਮੇਸ਼ ਨੇ ਬੜਾ ਕਰੜਾ ਅਤੇ ਢੁੱਕਵਾਂ ਵਿਅੰਗ ਕੀਤਾ ਹੈ। ਰਾਜਨੀਤੀ ਵਿਚ ਮਨੁੱਖ ਨੂੰ ਭੀੜ ਦੇ ਰੂਪ ਵਿਚ ਕਿਵੇਂ ਵਰਤਿਆ ਜਾ ਰਿਹਾ ਹੈ। 'ਭੀੜ-ਤੰਤਰ' ਕਵਿਤਾ ਵਿਚ ਬੜੀ ਸ਼ਿੱਦਤ ਨਾਲ਼ ਪੇਸ਼ ਹੋਇਆ ਮਿਲਦਾ ਹੈ:

ਬਹੁਤ ਸਾਰਾ
ਦੂਰ-ਦੂਰ ਤੱਕ ਖਿੱਲਰਿਆ ਹੋਇਆ ਕੱਚ ਹੈ
ਹਾਂ
ਸ਼ਹਿਰ ਮੇਰੇ ਦੀ ਸੜਕ ਉੱਪਰ
ਖਿਲਰਿਆ ਹੋਇਆ – ਇਹ ਸੱਚ ਹੈ। (ਪੰਨਾ 28)

ਡਰ ਅਤੇ ਭੈਅ ਦੀ ਸਥਿਤੀ ਦਾ ਚਿਤਰਣ ਕਵੀ ਨੇ ਕਿੰਨੀ ਬਰੀਕੀ ਨਾਲ਼ ਕੀਤਾ ਹੈ:

ਡਰ ਹੈ
ਭੈਅ ਹੈ
ਅਤੇ
ਚੁੱਪ ਦੀ ਚੰਘਿਆੜ ਹੈ
ਜੋ ਸਿਰਫ਼
ਸੜਕ ਕੰਢੇ
ਲਾਚਾਰ ਖੜ੍ਹੇ ਰੁੱਖਾਂ ਨੇ
-ਚੁਪ ਚਾਪ ਜਰੀ ਹੋ। (ਪੰਨਾ 28)

ਇਸ ਕਾਵਿ ਰਚਨਾ 'ਅਸਹਿਮਤ' ਦਾ ਨਾਮ 'ਅ ਸਹਿਮਤ' ਬੜਾ ਅਹਿਮ



ਹੈ ਕਿਉਂਕਿ ਇਸ ਵਿਚ ਬੜੇ ਗਹਿਰੇ ਅਰਥ ਛੁਪੇ ਹਨ ਜੋ ਕਵਿਤਾ ਵਿਚ ਸਾਕਾਰ ਹੁੰਦੇ ਵੇਖੇ ਜਾ ਸਕਦੇ ਹਨ:

'ਅਸਹਿਮਤ'
ਕਈ ਵਾਰ
ਕਿਸੇ
ਸਾਰਥਕ ਇਬਾਰਤ ਦਾ
ਸਿਰਲੇਖ ਵੀ ਤਾਂ ਹੋ ਸਕਦਾ ਹੈ। (ਪੰਨਾ 13)

ਪਰ ਨਾਲ਼ ਹੀ ਅਜਿਹੀਆਂ ਸਥਿਤੀਆਂ ਵਿਚ ਮਨੁੱਖ ਦੀ ਬੇਬਸੀ ਵੀ ਨਜ਼ਰ ਆਉਂਦੀ ਹੈ:

ਜਦ ਜਦ ਵੀ
ਮੈਂ
ਆਪਣੇ ਆਪ ਨਾਲ
ਅਸਹਿਮਤ ਹੋ ਕੇ ਵੀ
'ਸਹਿਮਤ' ਹੋ ਤੁਰਦਾ ਹਾਂ
ਤਾਂ
ਹਰ ਵਾਰ
ਕਦੇ
ਮੇਰੇ ਅੰਦਰ ਦਾ
ਭਗਤ ਸਿੰਘ ਮਰ ਰਿਹਾ ਹੁੰਦਾ ਹੈ
ਅਤੇ ਕਦੇ
ਕੋਈ-ਕਰਤਾਰ ਸਿੰਘ ਸਰਾਭਾ (ਪੰਨਾ 16)

ਇਹ ਕਵਿਤਾਵਾਂ ਸਾਨੂੰ ਝੰਜੋੜਦੀਆਂ ਹਨ, 'ਮੋਢੇ' ਕਵਿਤਾ ਖਾਸ ਤੋਰ ਤੇ ਜ਼ਿਕਰਯੋਗ ਹੈ:

ਮੋਢਾ
ਦੇਣ ਲਈ ਹੁੰਦਾ ਹੈ
-ਮਾਰਣ ਲਈ ਨਹੀਂ ਹੁੰਦਾ। (ਪੰਨਾ 81)

'ਮੇਰੇ ਲਈ', ਤੰਦ ਕੱਚੀ, ਹਵਾ ਪਿਆਜ਼ੀ, ਹਮਸਫ਼ਰ, ਡਾ. ਰਮੇਸ਼ ਕੁਮਾਰ



Scanned with OKEN Scanner

ਦੀਆ ਬਹੁਤ ਹੀ ਖੂਬਸੂਰਤ ਕਵਿਤਾਵਾਂ ਹਨ, ਜੋ ਮਨ ਦੇ ਬਹੁਤ ਹੀ ਮਹੀਨ ਅਤੇ ਬਰੀਕ ਅਹਿਸਾਸਾਂ ਦਾ ਚਿਤਰਣ ਕਰਦੀਆਂ ਨਜ਼ਰ ਆਉਂਦੀਆਂ ਹਨ, ਬੜੀ ਸ਼ਿੱਦਤ ਅਤੇ ਖੂਬਸੂਰਤੀ ਨਾਲ:

*ਆ ਕੇ ਦੇਖਿਆ*
*ਕੋਟ ਪੈਂਟ ਮੇਰਾ*
*ਉਸ*
*... ... ...*

*ਪਹਿਲੀ*
*ਜੱਫੀ ਦਾ ਅਹਿਸਾਸ ਸੀ*
*ਜੋ*
*ਅੱਜ ਵੀ*
*-ਮੇਰੇ ਨਾਲ਼-ਨਾਲ਼ ਹੈ।* (ਪੰਨਾ 86)

ਡਾ. ਰਮੇਸ਼ ਕੁਮਾਰ ਨੇ ਸੁਹਜਮਈ ਸ਼ਬਦਾਂ ਨੂੰ ਆਪਣੀ ਕਵਿਤਾ ਵਿਚ ਇਉਂ ਪੇਸ਼ ਕੀਤਾ ਹੈ ਕਿ ਉਹ ਰੂਹ ਵਿਚ ਪ੍ਰਵੇਸ਼ ਕਰਦੇ ਹਨ, ਮਨ ਨੂੰ ਛੂੰਹਦੇ ਅਤੇ ਠਾਰਦੇ ਹਨ:

*ਬਸ*
*ਫਿਰ ਦੋਵੇਂ ਅਸੀਂ*
*ਦਰਿਆ ਹੋ ਕੇ ਵਹਿਣ ਲੱਗੇ।*
*- - - - - - - - - - - -*
*ਇਕ ਦੂਜੇ ਨੂੰ*
*ਛੋਹ ਛੂਹ ਤੁਰਦੇ ਰਹੇ*
*-ਗੁਰਮਤੇ-ਗੁਫ਼ਤਗੂ ਕਰਦੇ।* (ਪੰਨਾ 89)

ਨਿਰਸੰਦੇਹ, ਡਾ. ਰਮੇਸ਼ ਕੁਮਾਰ ਦੀ ਸ਼ਾਇਰੀ ਸਮਕਾਲੀ ਸਮਿਆਂ ਦਾ ਬੜਾ ਹੀ ਸੂਖ਼ਮ ਅਤੇ ਖੂਬਸੂਰਤ ਚਿਤਰਣ ਹੈ, ਜੋ ਸਾਡੇ ਮਨਾਂ ਦੀ ਵਿਥਿਆਂ ਹੀ ਕਹਿ ਰਿਹਾ ਹੈ ਅਤੇ ਸਾਨੂੰ ਸੋਚਣ ਲਈ ਮਜਬੂਰ ਵੀ ਕਰ ਰਿਹਾ ਹੈ। ਇਹ ਕਵਿਤਾ ਸੱਚੇ ਅਰਥਾਂ ਵਿਚ ਮਾਨਵੀ ਸਰੋਕਾਰਾਂ ਦੀ ਕਵਿਤਾ ਹੈ।

•



## 'ਅ ਸਹਿਮਤ' ਦਾ ਸੰਚਾਰ ਵਿਧਾਨ

**ਇੰਦਰਜੀਤ ਸਿੰਘ**

ਸਾਹਿਤ ਇਕ ਕਲਾ ਹੈ। ਆਪਣੀ ਕਲਾ ਦੇ ਮਾਧਿਅਮ ਰਾਹੀਂ ਸਾਹਿਤ ਸਮਾਜ ਲਈ ਉਸਾਰੂ ਭੂਮਿਕਾ ਅਦਾ ਕਰਦਾ ਹੈ। ਸਮਾਜਕ ਸਰੋਕਾਰਾਂ ਤੋਂ ਸੱਖਣੀ ਕੋਈ ਵੀ ਕਲਾ, ਕਲਾ ਹੋਣ ਦਾ ਹੱਕ ਨਹੀਂ ਰੱਖਦੀ। ਲੇਖਕ ਇਕ ਸਮਾਜਿਕ ਪ੍ਰਾਣੀ ਹੈ। ਆਮ ਮਨੁੱਖਾਂ ਦੀ ਬਜਾਏ ਲੇਖਕ ਵੱਧ ਸੰਵੇਦਨਸ਼ੀਲ ਹੁੰਦਾ ਹੈ। ਇਸੇ ਸੰਵੇਦਨਸ਼ੀਲਤਾ ਕਰਕੇ ਹੀ ਉਹ ਆਪਣੇ ਮਨ ਦੇ ਭਾਵਾਂ ਨੂੰ ਸਾਹਿਤਕ ਕਲਾ ਦੀ ਜੁਗਤ ਰਾਹੀਂ ਪ੍ਰਗਟ ਕਰਦਾ ਹੈ। ਸਾਡੇ ਇਸ ਖੋਜ ਪੇਪਰ ਦਾ ਵਿਸ਼ਾ 'ਰਮੇਸ਼ ਕੁਮਾਰ ਦਾ ਕਾਵਿ-ਸੰਗ੍ਰਹਿ 'ਅ ਸਹਿਮਤ' ਦਾ ਸੰਚਾਰ ਵਿਧਾਨ' ਹੈ। ਸੰਚਾਰ ਦੇ ਕੋਸ਼ਗਤ ਅਰਥ ਜਾਣਾ, ਫਿਰਨਾ, ਵਿਚਰਨਾ, ਫੈਲਾਉਣਾ ਜਾਂ ਵਿਸਥਾਰ ਕਰਨਾ ਹੁੰਦੇ ਹਨ। ਆਮ ਬੋਲਚਾਲ ਵਿਚ ਸੰਚਾਰ ਦਾ ਅਰਥ ਵਿਚਾਰਾਂ ਦੀ ਪੇਸ਼ਕਾਰੀ ਕਰਨਾ ਹੁੰਦਾ ਹੈ। ਵਿਧਾਨ ਦੇ ਕੋਸ਼ਗਤ ਅਰਥ ਕਾਇਦਾ, ਨਿਯਮ, ਵਿਧੀ ਜਾਂ ਰੀਤ ਹਨ। ਇਸ ਤਰ੍ਹਾਂ ਸੰਚਾਰ ਵਿਧਾਨ ਦਾ ਅਰਥ ਕਿਸੇ ਵਿਚਾਰ ਨੂੰ ਕਿਸੇ ਨਿਯਮ ਦੇ ਤਹਿਤ ਅੱਗੇ ਭੇਜਣਾ ਹੈ। ਸਾਹਿਤਕਾਰ ਆਪਣੀ ਸਮਰੱਥਾ ਅਨੁਸਾਰ ਹੀ ਕਿਸੇ ਸਾਹਿਤ ਰੂਪ ਨੂੰ ਅਪਣਾਉਂਦਾ ਹੈ। "ਕਵਿਤਾ ਵਿਚ ਕਈ ਗੌਣ ਅਰਥ ਹੁੰਦੇ ਹਨ, ਕਈ ਅਸਿੱਧੇ ਅਰਥ ਤੇ ਛੁਪੇ ਹੋਏ ਭਾਵ ਹੁੰਦੇ ਹਨ, ਜਿੰਨ੍ਹਾਂ ਨੂੰ ਭਾਵੇਂ ਅਸੀਂ ਗੌਣ ਕਹਿ ਲੈਂਦੇ ਹਾਂ ਪਰ ਉਨ੍ਹਾਂ ਦਾ ਮਹੱਤ੍ਵ ਗੌਣ ਨਹੀਂ ਹੁੰਦਾ।"[1] ਇਸ ਤਰ੍ਹਾਂ ਅਸੀਂ ਕਿਸੇ ਕਵਿਤਾ ਵਿਚੋਂ ਗੌਣ, ਅਸਿੱਧੇ ਤੇ ਲੁਕੇ ਛਿਪੇ ਭਾਵਾਂ ਨੂੰ ਸਮਝਣ ਲਈ ਕਵੀ ਦੁਆਰਾ ਅਪਣਾਈਆਂ ਸੰਚਾਰ ਜੁਗਤਾਂ ਨੂੰ ਸਮਝਣਾ ਜਰੂਰੀ ਸਮਝਦੇ ਹਾਂ। ਅਸੀਂ ਆਪਣੇ ਇਸ ਖੋਜ ਪੇਪਰ ਵਿੱਚ 'ਅ ਸਹਿਮਤ' ਕਾਵਿ-ਸੰਗ੍ਰਹਿ ਵਿੱਚ ਸੰਚਾਰ ਲਈ ਵਰਤੇ ਗਏ ਨਿਯਮਾਂ ਦਾ ਅਧਿਐਨ ਕਰਾਂਗੇ।

ਅੱਜ ਪੂਰੇ ਵਿਸ਼ਵ ਵਿਚ ਪੂੰਜੀਵਾਦੀ ਤਾਕਤਾਂ ਦਾ ਦਬਦਬਾ ਵੱਧ ਰਿਹਾ ਹੈ। ਭਾਰਤ ਵਿਚ ਅਜ਼ਾਦੀ ਵੇਲੇ ਜੋ ਸੁਪਨੇ ਲਏ ਗਏ ਸੀ, ਅੱਜ ਉਹ ਸਪੱਸ਼ਟ ਰੂਪ ਵਿਚ ਚਕਨਾਚੂਰ ਹੋ ਚੁੱਕੇ ਹਨ। ਵਿਦੇਸ਼ੀ ਸਰਮਾਏਦਾਰੀ ਦੀਆਂ ਨੀਤੀਆਂ ਅਧੀਨ ਅੱਜ ਭਾਰਤ ਵਿਚ ਬੇਰੋਜ਼ਗਾਰੀ, ਗਰੀਬੀ, ਮਹਿੰਗਾਈ, ਸਮਾਜਿਕ ਅਨਿਆਂ ਆਦਿ ਦਾ ਪਸਾਰਾ ਫੈਲ ਚੁੱਕਾ ਹੈ। ਦੂਜੇ ਪਾਸੇ ਜਿੰਨ੍ਹਾਂ ਲੋਕਾਂ ਨੇ ਅਜਿਹੀ ਸਥਿਤੀ ਨੂੰ ਬਦਲ



Scanned with OKEN Scanner